# ਡਾਇਰੈਕਟਰ ਖੇਤੀਬਾੜੀ ਪੰਜਾਬ

ਖੇਤੀ ਭਵਨ, ਫੇਜ਼-6, ਐਸ.ਏ.ਐਸ. ਨਗਰ, ਮੋਹਾਲੀ
Email id: jdaplantprotection@gmail.com

ਵੱਲ

ਸਮੂਹ ਮੁੱਖ ਖੇਤੀਬਾੜੀ ਅਫ਼ਸਰ,
ਪੰਜਾਬ ਰਾਜ।

ਮੀਮੋ ਨੰ: ਸੰ:ਡਾ:ਖੇ: (ਪੀ.ਪੀ.-1) 45-67
ਮਿਤੀ: 06/01/2017

ਵਿਸ਼ਾ:- ਇਨਸੈਕਟੀਸਾਈਡ ਐਕਟ 1968 ਦੇ ਅਧੀਨ ਧਾਰਾ 31(1) ਦੀ ਸੈਂਕਸ਼ਨ ਲੈਣ ਲਈ ਹਦਾਇਤਾਂ ਜਾਰੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਹ ਲਿਖਿਆ ਜਾਂਦਾ ਹੈ ਕਿ ਉਪਰੋਕਤ ਅਨੁਸਾਰ ਸੈਂਕਸ਼ਨ ਲੈਣ ਲਈ ਮਾਨਯੋਗ ਡਾਇਰੈਕਟਰ ਖੇਤੀਬਾੜੀ ਵੱਲੋਂ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸੀ.ਆਰ.ਐਮ. -ਐਮ -33265 (ਓ ਐਂਡ ਐਮ) ਟਾਈਟਲਡ ਐਸ ਧਰਮਿੰਦਰ ਪੰਵਾਰ ਅਤੇ ਅਦਰਜ਼ v/s ਪੰਜਾਬ ਵਿੱਚ 31(1) ਦੀ ਸੈਂਕਸ਼ਨ ਦੇਣ ਵਿੱਚ ਹੋਈ ਦੇਰੀ ਕਾਰਣ ਵਿਭਾਗ ਨੂੰ ਐਫੀਡੇਵਿਟ ਦੇਣ ਲਈ ਹੁਕਮ ਜਾਰੀ ਕੀਤੇ ਗਏ ਹਨ ਜਿਸ ਵਿੱਚ ਦੇਰੀ ਸਬੰਧੀ ਕਾਰਣ ਪੁੱਛੇ ਗਏ। ਵਿਸ਼ੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੌਦਾ ਸੁਰੱਖਿਆ ਬਰਾਂਚ ਵੱਲੋਂ ਡਾਇਰੈਕਟਰ ਖੇਤੀਬਾੜੀ ਤੋਂ ਪ੍ਰਵਾਨਗੀ ਲੈਣ ਉਪਰੰਤ ਹੇਠ ਲਿਖੀ ਹਦਾਇਤਾਂ ਪ੍ਰਵਾਨ ਕਰਵਾਈਆਂ ਗਈਆਂ ਹਨ। ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨਾ ਆਪ ਦੀ ਨਿਜੀ ਜਿੰਮੇਵਾਰੀ ਹੋਵੇਗੀ।

1) ਸਬੰਧਿਤ ਇਨਸੈਕਟੀਸਾਈਡ ਇੰਸਪੈਕਟਰ ਸੈਂਪਲ ਦੇ ਮੁੜ ਵਿਸ਼ਲੇਸ਼ਣ ਦੀ ਰਿਪੋਰਟ ਪ੍ਰਾਪਤ ਹੋਣ ਤੋਂ ਬਾਅਦ ਮੁੱਖ ਖੇਤੀਬਾੜੀ ਅਫ਼ਸਰ ਰਾਹੀ ਨਿਮਨਹਸਤਾਖਰੀ ਨੂੰ ਸੈਂਕਸ਼ਨ ਅਪਲਾਈ ਕਰਨ ਦੇ ਸਮੇਂ ਨੂੰ ਵੱਧ ਤੋਂ ਵੱਧ ਸਮਾਂ 30 ਦਿਨ ਨਿਯਤ ਕਰ ਦਿੱਤਾ ਗਿਆ ਹੈ।
2) ਨਿਮਨਹਸਤਾਖਰੀ ਵੱਲੋਂ ਡੀ.ਡੀ.ਏ (ਐਲ.ਸੀ. ਐਂਡ ਪੀ.ਪੀ) ਨੂੰ ਨਿਰਮਾਤਾ ਕੰਪਨੀ ਅਤੇ ਮਾਰਕੀਟਿੰਗ ਕੰਪਨੀ ਦੇ ਜਿੰਮੇਵਾਰ ਵਿਅਕਤੀਆਂ ਦੇ ਐਫੀਡੇਵਿਟ ਲਈ ਕੇਸ ਭੇਜਣ ਦਾ ਸਮਾਂ ਵੱਧ ਤੋਂ ਵੱਧ ਸਮਾਂ 7 ਦਿਨ ਨਿਯਤ ਕਰ ਦਿੱਤਾ ਗਿਆ ਹੈ।
3) ਡੀ.ਡੀ.ਏ (ਐਲ.ਸੀ. ਐਂਡ ਪੀ.ਪੀ) ਵੱਲੋਂ ਮੈਨੂਫੈਕਚਰਰ ਅਤੇ ਡਿਸਟਰੀਬਿਊਟਰਾਂ ਦੇ ਤਸਦੀਕ ਸ਼ੁਦਾ ਦਸਤਾਵੇਜ ਦੋ ਦੋ ਕਾਪੀਆਂ ਜੇ.ਡੀ.ਏ .ਪੀ.ਪੀ ਦੇ ਦਫਤਰ ਨੂੰ ਵਾਪਿਸ ਭੇਜਣ ਦਾ ਸਮਾਂ ਵੱਧ ਤੋਂ ਵੱਧ ਸਮਾਂ 7 ਦਿਨ ਵੀ ਨਿਯਤ ਕਰ ਦਿੱਤਾ ਗਿਆ ਹੈ।

Scanned by CamScanner

4) ਡੀ.ਡੀ.ਏ (ਐਲ.ਸੀ. ਐਂਡ ਪੀ.ਪੀ) ਵੱਲੋਂ ਮੈਨੂਫੈਕਚਰਰ ਅਤੇ ਡਿਸਟਰੀਬਿਊਟਰਾਂ ਦੇ ਤਸਦੀਕ ਸ਼ੁਦਾ ਦਸਤਾਵੇਜ ਪ੍ਰਾਪਤ ਹੋਣ ਤੋਂ ਸਬੰਧਤ ਅਧਿਕਾਰੀ ਜਾਂ ਏ.ਡ ੀ.ਓ.ਪੀ.ਪੀ. ਦੁਆਰਾ ਸੈਂਕਸਨ ਜਾਰੀ ਕਰਨ ਦਾ ਸਮਾਂ ਵੱਧ ਤੋਂ ਵੱਧ ਸਮਾਂ15 ਦਿਨ ਵੀ ਨਿਯਤ ਕੀਤਾ ਗਿਆ ਹੈ।

5) ਸਮਰਥ ਅਧਿਕਾਰੀ ਤੋਂ ਸੈਂਕਸਨ ਲੈਣ ਤੋਂ ਬਾਅਦ ਸਬੰਧਤ ਖੇਤੀਬਾੜੀ ਵਿਕਾਸ ਅਫ਼ਸਰ/ਇਨਸੈਕਟੀਸਾਈਡ ਇੰਸਪੈਕਟਰ ਵੱਲੋਂ ਮਾਨਯੋਗ ਕੋਰਟ ਵਿਚ ਕੇਸ ਦਾਇਰ ਕਰਨ ਦਾ ਸਮਾਂ ਵੱਧ ਤੋਂ ਵੱਧ 30 ਦਿਨ ਨਿਯਤ ਕਰ ਦਿੱਤਾ ਗਿਆ ਹੈ।

ਸੰਯੁਕਤ ਡਾਇਰੈਕਟਰ (ਪੀ.ਪੀ.)
ਵਾ: ਡਾਇਰੈਕਟਰ ਖੇਤੀਬਾੜੀ ਪੰਜਾਬ।

ਪਿਠ ਅੰਕਣ ਨੰ:                ਮਿਤੀ:

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

1) ਡੀ.ਡੀ.ਏ (ਐਲ.ਸੀ. ਐਂਡ ਪੀ.ਪੀ)।
2) ਪੀ.ਏ. ਟੂ ਡਾਇਰੈਕਟਰ ਨੂੰ ਡਾਇਰੈਕਟਰ ਖੇਤੀਬਾੜੀ ਦੀ ਜਾਣਕਾਰੀ ਹਿਤ।

ਸੰਯੁਕਤ ਡਾਇਰੈਕਟਰ (ਪੀ.ਪੀ.)
ਵਾ: ਡਾਇਰੈਕਟਰ ਖੇਤੀਬਾੜੀ ਪੰਜਾਬ।

Scanned by CamScanner

**ਡਾਇਰੈਕਟੋਰੇਟ ਖੇਤੀਬਾੜੀ, ਪੰਜਾਬ**
**ਖੇਤੀ ਭਵਨ, ਫੇਜ਼-6, ਨੇੜੇ ਦਾਰਾ ਸਟੂਡਿਓ, ਐਸ.ਏ.ਐਸ. ਨਗਰ**

ਵੱਲ:- ਸਮੂਹ ਮੁੱਖ ਖੇਤੀਬਾੜੀ ਅਫਸਰ
ਪੰਜਾਬ ਰਾਜ।

ਮੀਮੋ ਨੰ: 2713-34 ਏ.ਡੀ.ਓ./ਪੀ.ਪੀ.1/
ਮਿਤੀ: 24/10/2017

ਵਿਸ਼ਾ:- ਇੰਨਸੈਕਟੀਸਾਈਡ ਐਕਟ 1968 ਤਹਿਤ ਕੀੜੇਮਾਰ ਦਵਾਈਆਂ ਦੇ ਸੈਂਪਲਾਂ ਆਦਿ ਸਬੰਧੀ ਹਦਾਇਤਾਂ।

ਉਪਰੋਕਤ ਵਿਸੇ ਦੇ ਸਬੰਧ ਵਿੱਚ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਮੁੱਖ ਖੇਤੀਬਾੜੀ ਅਫਸਰ ਅਤੇ ਇੰਨਸੈਕਟੀਸਾਈਡਜ ਇੰਨਸਪੈਕਟਰ, ਕੀੜੇਮਾਰ ਦਵਾਈਆਂ ਦੇ ਮਿਸਬਰਾਂਡਡ ਸੈਂਪਲਾਂ ਦੇ ਕੇਸ ਕੋਰਟ ਵਿੱਚ ਦਰਜ ਕਰਵਾਉਣ ਆਦਿ ਦੇ ਕੰਮਾਂ ਵਿੱਚ ਕਈ ਨੁਕਤੇ ਅਮਲ ਵਿੱਚ ਨਹੀਂ ਲਿਆਉਂਦੇ ਜਿਸ ਕਰਕੇ ਮਾਨਯੋਗ ਕੋਰਟਾਂ ਵਿੱਚ ਕੇਸਾਂ ਨੂੰ ਸਹੀ ਤਰੀਕੇ ਨਾਲ ਡੀਫੈਂਡ ਕਰਨ ਵਿੱਚ ਮੁਸਕਿਲ ਆਉਂਦੀ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਤਰ੍ਹਾਂ ਦੇ ਕੇਸਾਂ ਵਿੱਚ 31(1) ਤਹਿਤ ਲਿਖਤੀ ਮਨਜ਼ੂਰੀ ਲੈਣ ਸਮੇਂ ਅਤੇ ਕੋਰਟ ਵਿੱਚ ਕੇਸ ਦਰਜ ਕਰਾਉਣ ਸਮੇਂ ਹੇਠ-ਲਿਖੇ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ:-

1. ਇੰਨਸੈਕਟੀਸਾਈਡਜ ਐਕਟ 1968 ਦੀ ਧਾਰਾ 31(1) ਤਹਿਤ ਮੰਨਜ਼ੂਰੀਆਂ ਪ੍ਰਾਪਤ ਕਰਨ ਸਮੇਂ ਨੱਥੀ ਚੈੱਕ ਲਿਸਟ ਅਨੁਲੱਗ-1 ਅਨੁਸਾਰ ਕੇਸ ਤਿਆਰ ਕਰਕੇ ਭੇਜੇ ਜਾਣ ਸਾਰੇ ਦਸਤਾਵੇਜ ਪੜ੍ਹਣ ਯੋਗ ਹੋਣ। (ਕੇਸ ਭੇਜਣ, ਮੰਨਜ਼ੂਰੀਆਂ ਜਾਰੀ ਕਰਨ ਅਤੇ ਕੋਰਟ ਵਿੱਚ ਕੇਸ ਦਰਜ ਕਰਨ ਲਈ ਪਹਿਲਾਂ ਹੀ ਇਸ ਦਫਤਰ ਦੇ ਪੱਤਰ ਨੰ: 45-67 ਮਿਤੀ 6-1-2017 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਹੋਈਆ ਹਨ)।

2. ਆਮ ਤੌਰ ਤੇ ਨਿਰਮਾਤਾ ਕੰਪਨੀ ਦੇ ਇਕ ਤੋਂ ਵੱਧ ਯੂਨਿਟ/ਗੁਦਾਮ ਹੁੰਦੇ ਹਨ। ਹਰੇਕ ਯੂਨਿਟ/ਗੋਦਾਮ ਦਾ ਵੱਖਰਾ-ਵੱਖਰਾ ਜਿੰਮੇਵਾਰ ਵਿਅਕਤੀ ਹੁੰਦਾ ਹੈ। ਇਸ ਲਈ ਧਾਰਾ 31(1) ਅਧੀਨ ਮੰਨਜ਼ੂਰੀ ਲੈਣ ਸਮੇਂ ਇਹ ਸਪਸ਼ਟ ਰੂਪ ਵਿੱਚ ਲਿਖਿਆ ਜਾਵੇ ਕਿ ਇਹ ਦਵਾਈ ਕਿਸ ਗੋਦਾਮ ਵਿਚੋਂ ਸਪਲਾਈ ਹੋਈ ਹੈ ਅਤੇ ਕਿਸ ਯੂਨਿਟ ਵੱਲੋਂ ਬਣਾਈ ਗਈ ਸੀ ਤਾਂ ਜੋ ਉਸੇ ਯੂਨਿਟ/ਗੋਦਾਮ ਦੇ ਹੀ ਜਿੰਮੇਵਾਰ ਵਿਅਕਤੀਆਂ ਨੂੰ 31(1) ਦੀ ਮੰਨਜ਼ੂਰੀ ਵਿੱਚ ਪਾਇਆ ਜਾ ਸਕੇ। ਇਸ ਕੰਮ ਲਈ ਸੈਂਪਲ ਭਰਨ ਸਮੇਂ ਗੁਦਾਮ (ਜਿਸ ਤੋਂ ਦਵਾਈ ਸਪਲਾਈ ਹੋਈ ਹੈ) ਅਤੇ ਯੂਨਿਟ (ਜਿਸ ਤੋਂ ਦਵਾਈ ਤਿਆਰ ਹੋਈ ਹੈ) ਦੀ ਪੂਰੀ ਸੂਚਨਾ ਤਿਆਰ ਕੀਤੀ ਜਾਵੇ।

3. ਕੋਰਟ ਵਿੱਚ ਕੇਸ ਦਰਜ ਕਰਾਉਣ ਸਮੇਂ ਸੁਰੂ ਤੋਂ ਲੈ ਕੇ ਅੰਤ ਤੱਕ ਜੋ ਵੀ ਪੱਤਰ ਵਿਹਾਰ ਕੰਪਨੀ/ਡੀਲਰ ਨਾਲ ਹੋਇਆ ਹੈ, ਉਹ ਕੇਸ ਫਾਈਲ ਵਿੱਚ ਲਗਾਇਆ ਜਾਵੇ। ਆਮ ਤੌਰ ਤੇ ਵੇਖਣ ਵਿੱਚ ਆਇਆ ਹੈ ਕਿ ਕੋਰਟ ਕੇਸ ਵਿੱਚ ਲਾਇਸੰਸ ਕੈਂਸਲ ਕਰਨ ਤੋਂ ਬਾਅਦ ਅਪੀਲ ਦੇ ਆਰਡਰਾਂ ਦੀ ਕਾਪੀ ਨਹੀਂ ਲਗਾਈ ਜਾਂਦੀ ਜਿਸ ਕਰਕੇ ਇਹ ਸਿੱਧ ਕਰਨਾ ਮੁਸਕਿਲ ਹੋ ਜਾਂਦਾ ਹੈ ਕਿ ਇਸ ਫਰਮ ਦਾ ਲਾਇਸੰਸ ਇਸ ਕੰਪਨੀ/ਦਵਾਈ ਨੂੰ ਛੱਡ ਕੇ ਬਹਾਲ ਕੀਤਾ ਹੈ ਨਾ ਕੇ ਸਾਰਾ ਲਾਇਸੰਸ ਬਹਾਲ ਕੀਤਾ ਹੋਇਆ ਹੈ।

4. ਜਿੰਨ੍ਹਾਂ ਜਿੰਮੇਵਾਰ ਵਿਅਕਤੀਆਂ ਵਿਰੁਧ ਕੇਸ ਦਰਜ ਕਰਵਾਉਣਾ ਹੈ ਉਨ੍ਹਾਂ ਸਾਰਿਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੋਵੇ ਅਤੇ ਜੇਕਰ ਸੈਂਪਲ ਰੀਟੈਸਟ ਵਿੱਚ ਫੇਲ ਹੁੰਦਾ ਹੈ ਤਾਂ ਉਸ ਉਪਰੰਤ ਕਾਰਨ ਦੱਸੋ ਨੋਟਿਸ (ਸਮੇਤ ਪਰਖ ਰਿਪੋਰਟ) 10 ਦਿਨਾਂ ਦੇ ਵਿੱਚ ਵਿੱਚ ਸਬੰਧਤਾਂ ਨੂੰ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ।

Scanned by CamScanner

5. ਕੰਪਨੀਆਂ/ਡੀਲਰਾਂ ਅਤੇ ਉਸਦੇ ਜ਼ੁੰਮੇਵਾਰ ਵਿਅਕਤੀਆਂ ਨੂੰ ਕਾਰਨ ਦੱਸੋ ਨੋਟਿਸ ਦੇਣ ਸਮੇਂ ਉਨ੍ਹਾਂ ਦੇ ਪੂਰੇ ਪਤੇ ਲਿਖੇ ਜਾਣ ਕਿਉਂਕਿ ਬਹੁਤੀ ਵਾਰ ਕਾਰਨ ਦੱਸੋ ਨੋਟਿਸ ਉਪਰ ਸਿਰਫ ਸ਼ਹਿਰ ਦਾ ਨਾਮ ਹੀ ਲਿਖਿਆ ਹੁੰਦਾ ਹੈ। ਜਿਸ ਦੀ ਕਿ ਬਾਅਦ ਵਿੱਚ ਕੋਰਟਾਂ ਵਿੱਚ ਬਹੁਤ ਮੁਸਕਿਲ ਪੇਸ ਆਉਂਦੀ ਹੈ।

6. ਕੰਪਨੀਆਂ ਦੇ ਜਿੰਮੇਵਾਰ ਵਿਅਕਤੀਆਂ/ਗੋਦਾਮ ਇੰਨਚਾਰਜ ਆਦਿ ਦੇ ਐਫੀਡੈਵਿੱਟ ਪ੍ਰਾਪਤ ਕਰਨ ਸਮੇਂ ਉਨ੍ਹਾਂ ਵਿਅਕਤੀਆਂ ਦੇ ਸੈਲਫ ਅਟੈਸਟਿਡ ਆਈ.ਡੀ.ਪਰੂਫ ਅਤੇ ਰੈਜੀਡੈਂਟ ਪਰੂਫ 31(1) ਦੀ ਮੰਨਜੂਰੀ ਲੈਣ ਸਮੇਂ ਅਤੇ ਕੋਰਟ ਕੇਸ ਫਾਈਲ ਨਾਲ ਲਾਏ ਜਾਣ ਕਿਉਂਕਿ ਬਹੁਤੀ ਵਾਰ ਇਨ੍ਹਾਂ ਕੰਪਨੀਆਂ ਦੇ ਇੰਮਪਲਾਈਜ ਨੌਕਰੀ ਛੱਡ ਜਾਂਦੇ ਹਨ ਅਤੇ ਇਹਨਾਂ ਵੱਲੋਂ ਦਿੱਤੇ ਐਫੀਡੇਵਿਟ ਉਪਰ ਐਡਰੈਸ ਕੰਪਨੀ ਦਾ ਹੀ ਹੁੰਦਾ ਹੈ ਅਤੇ ਬਾਅਦ ਵਿੱਚ ਕੋਰਟ ਵੱਲੋਂ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਵਿਅਕਤੀਆਂ ਨੂੰ ਪੇਸ਼ ਕੀਤਾ ਜਾਵੇ ਜੇਕਰ ਆਪ ਵੱਲੋਂ ਕੋਰਟ ਕੇਸ ਫਾਈਲ ਨਾਲ ਉਸ ਵਿਅਕਤੀ ਦਾ ਕੋਈ ਆਈ.ਡੀ.ਪਰੂਫ ਅਤੇ ਰੈਜੀਡੈਂਟ ਪਰੂਫ ਲਗਾਇਆ ਹੋਇਆ ਤਾਂ ਇਹ ਮੁਸਕਿਲ ਨਹੀਂ ਆਉਂਦੀ।

7. ਕੀੜੇਮਾਰ ਦਵਾਈਆਂ ਦੇ ਪਹਿਲੇ ਸੈਂਪਲ ਦੇ ਮਿਸਬਰਾਡਡ਼ ਹੋਣ ਤੋਂ ਬਾਅਦ ਕੀਤੇ ਜਾਣ ਵਾਲੇ ਹਰੇਕ ਐਕਸਨ ਲਈ ਸਮਾਂ-ਸੀਮਾਂ ਨਾਲ ਨੱਥੀ ਅਨੁਲੱਗ-2 ਅਨੁਸਾਰ ਨਿਰਧਾਰਿਤ ਕੀਤੀ ਜਾਂਦੀ ਹੈ।

8. ਹਰੇਕ ਮੁੱਖ ਖੇਤੀਬਾੜੀ ਅਫਸਰ ਆਪਣੇ-ਆਪਣੇ ਜਿਲ੍ਹੇ ਵਿੱਚ ਹਰੇਕ ਇੰਨਸੈਕਟੀਸਾਈਡ ਇੰਨਸਪੈਕਟਰ ਨੂੰ ਇੰਨਸੈਕਟੀਸਾਈਡ ਐਕਟ 1968 ਸਬੰਧੀ ਮੁਕੰਮਲ ਜਾਣਕਾਰੀ ਦੇਣੀ ਯਕੀਨੀ ਬਣਾਏਗਾ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਨੱਥੀ:- ਅਨੁਲੱਗ-1 ਚੈਕ ਲਿਸਟ
ਅਨੁਲੱਗ-2 ਸਮਾਂ ਸੀਮਾਂ ਸਡਿਊਲ

24/x/17

ਸੰਯੁਕਤ ਡਾਇਰੈਕਟਰ ਖੇਤੀਬਾੜੀ (ਪੀ.ਪੀ)
ਵਾਸਤੇ ਦਫਤਰ ਡਾਇਰੈਕਟਰ ਖੇਤੀਬਾੜੀ, ਪੰਜਾਬ

ਪਿੱਠ ਅੰਕਣ ਨੰ: ਮਿਤੀ:

ਜਿਸਦਾ ਉਤਾਰਾ

1. PA to DA ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

2. ਡਿਪਟੀ ਡਾਇਰੈਕਟਰ (LC &PP) ਪੰਜਾਬ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਨਿਰਮਾਤਾ/ਸਪਲਾਇਰ ਕੰਪਨੀਆਂ ਦੇ ਜ਼ਿੰਮੇਵਾਰ ਵਿਅਕਤੀਆਂ ਦੇ ਐਫੀਡੈਵਿਟ ਭੇਜਣ ਸਮੇਂ ਉਹਨਾਂ ਵਿਅਕਤੀਆਂ ਦੇ ID Proof ਅਤੇ Residence Proof ਨਾਲ ਦਿੱਤੇ ਜਾਣ ਤਾਂਕਿ ਇਹਨਾਂ ਵਿਅਕਤੀਆਂ ਨੂੰ ਕੋਰਟ ਵਿਚ ਪੇਸ਼ ਕਰਨ ਲਈ ਕੋਈ ਮੁਸ਼ਕਲ ਪੇਸ਼ ਨਾ ਆਵੇ। ਸਾਰੀਆਂ ਲਾਇਸੰਸ ਫਾਇਲਾਂ ਵੇਖ ਲਈਆਂ ਜਾਣ ਅਤੇ ਅਧੂਰੇ ਪਤੇ ਵਾਲੇ ਹਲਫੀਆ ਬਿਆਨ ਤੁਰੰਤ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ।

ਸੰਯੁਕਤ ਡਾਇਰੈਕਟਰ ਖੇਤੀਬਾੜੀ (ਪੀ.ਪੀ)
ਵਾਸਤੇ ਦਫਤਰ ਡਾਇਰੈਕਟਰ ਖੇਤੀਬਾੜੀ, ਪੰਜਾਬ

Scanned by CamScanner

## ਚੈੱਕ ਲਿਸਟ (ਅਨੁਲੱਗ-1)

| ਲੜੀ ਨੰ: | ਦਸਤਾਵੇਜ਼ਾਂ ਦਾ ਵੇਰਵਾ | ਪੰਨਾ ਨੰ: |
|---|---|---|
| 1. | ਪੱਤਰ | |
| 2. | ਫਾਰਮ A | |
| 3. | ਫਾਰਮ ਦੇ ਲਾਇਸੰਸ ਦੀ ਕਾਪੀ | |
| 4. | ਫਾਰਮ ਨੰ: XX ਦੀ ਕਾਪੀ | |
| 5. | ਫਾਰਮ ਨੰ: XXI ਦੀ ਕਾਪੀ | |
| 6. | ਪ੍ਰਯੋਗਸਾਲਾ ਨੂੰ ਭੇਜੇ ਸੈਪਲਦੇ ਪੱਤਰ ਦੀ ਕਾਪੀ | |
| 7. | ਪਹਿਲੀ ਟੈਸਟਿੰਗ ਰਿਪੋਰਟ ਦੀ ਕਾਪੀ | |
| 8. | ਕਾਰਨ ਦੱਸੋ ਨੋਟਿਸ ਦੀ ਕਾਪੀ | |
| 9. | ਕਾਰਨ ਦੱਸੋ ਨੋਟਿਸ ਦੇ ਜਵਾਬ ਦੀ ਕਾਪੀ | |
| 10. | ਰੀਟੈਸਟਿੰਗ ਲਈ ਭੇਜਣ ਸਬੰਧੀ ਫਾਰਵਰਡਿੰਗ ਲੈਟਰ ਦੀ ਕਾਪੀ | |
| 11. | ਰੀਟੈਸਟਿੰਗ ਰਿਪੋਰਟ ਦੀ ਕਾਪੀ | |
| 12. | ਰੀਟੈਸਟਿੰਗ ਤੋਂ ਬਾਅਦ ਜਾਰੀ ਕੀਤਾ ਕਾਰਨ ਦੱਸੋ ਨੋਟਿਸ ਦੀ ਕਾਪੀ | |
| 13. | ਨਿੱਜੀ ਸੁਣਵਾਈ ਦੇ ਪੱਤਰ ਦੀ ਕਾਪੀ | |
| 14. | ਨਿੱਜੀ ਸੁਣਵਾਈ ਦੇ ਜਵਾਬ ਦੀ ਕਾਪੀ, ਜੇਕਰ ਕੋਈ ਹੋਵੇ | |
| 15. | ਲਾਈਸੈਂਸ ਕੈਂਸਲੇਸ਼ਨ ਆਰਡਰ ਦੀ ਕਾਪੀ | |
| 16. | ਸਮੂਹ ਜ਼ਿੰਮੇਵਾਰ ਵਿਅਕਤੀਆਂ ਦੇ ਐਫੀਡੇਵਿਟ ਸਮੇਤ ਆਈ.ਡੀ ਅਤੇ ਰੈਜੀਡੈਂਸ ਪਰੂਫ | |

੨੪|x|17

Scanned by CamScanner

## Time Schedule for taking action in misbranded sample of insecticide in Punjab

(ਅਨੁਲੱਗ-2)

| ਲੜੀ ਨੰ: | ਵੇਰਵਾ | ਸਮਾਂ |
|---|---|---|
| 1) | ਸੈਂਪਲ ਦੇ ਪਹਿਲੀ ਵਾਰ ਮਿਸਬਰਾਂਡਡ ਹੋਣ ਤੇ ਪਰਖ ਰਿਪੋਰਟ ਪ੍ਰਾਪਤ ਹੋਣ ਤੋਂ ਕਾਰਨ ਦੱਸੋ ਨੋਟਿਸ ਅਤੇ ਪਰਖ ਰਿਪੋਰਟ ਸਬੰਧਤ ਨੂੰ ਭੇਜਣਾ (ਸਮੇਤ ਇੰਨਸੈਕਟੀਸਾਈਡ ਇੰਨਸਪੈਕਟਰ) | 5 ਕੰਮ ਵਾਲੇ ਦਿਨ |
| 2) | ਕਾਰਨ ਦੱਸੋ ਨੋਟਿਸ ਦੇ ਜਵਾਬ ਦੀ ਪ੍ਰਾਪਤੀ (ਪੱਤਰ ਜਾਰੀ ਕਰਨ ਤੋਂ) | 15 ਦਿਨ |
| 3) | ਜਵਾਬ ਪ੍ਰਾਪਤੀ ਉਪਰੰਤ ਸੈਂਪਲ ਰੀਟੈਸਟ ਲਈ ਭੇਜਣਾ | 5 ਕੰਮ ਵਾਲੇ ਦਿਨਾਂ ਦੇ ਵਿੱਚ ਵਿੱਚ |
| 4) | ਸੈਂਪਲ ਦੇ ਰੀਟੈਸਟ ਦੌਰਾਨ ਮਿਸਬਰਾਂਡਡ ਹੋਣ ਤੇ ਪਰਖ ਰਿਪੋਰਟ ਪ੍ਰਾਪਤ ਹੋਣ ਤੋਂ ਕਾਰਨ ਦੱਸੋ ਨੋਟਿਸ ਅਤੇ ਪਰਖ ਰਿਪੋਰਟ ਸਬੰਧਤ ਨੂੰ ਭੇਜਣਾ (ਸਮੇਤ ਇੰਨਸੈਕਟੀਸਾਈਡ ਇੰਨਸਪੈਕਟਰ) | 5 ਕੰਮ ਵਾਲੇ ਦਿਨ |
| 5) | ਜਵਾਬ ਪ੍ਰਾਪਤੀ (ਪੱਤਰ ਜਾਰੀ ਕਰਨ ਉਪਰੰਤ) | 15 ਕੰਮ ਵਾਲੇ ਦਿਨ |
| 6) | ਨਿੱਜੀ ਸੁਣਵਾਈ ਲਈ ਨੋਟਿਸ (ਜਵਾਬ ਦੀ ਪ੍ਰਾਪਤੀ ਉਪਰੰਤ) | 5 ਕੰਮ ਵਾਲੇ ਦਿਨ |
| 7) | ਨਿੱਜੀ ਸੁਣਵਾਈ ਲਈ ਸਮਾਂ | 10 ਦਿਨ |
| 8) | ਮੁ.ਖੇ.ਅ. ਦਾ ਫੈਸਲਾ ਨਿੱਜੀ ਸੁਣਵਾਈ ਉਪਰੰਤ | 5 ਕੰਮ ਵਾਲੇ ਦਿਨ |

24/X/17

Scanned by CamScanner